(i) Printed Pages : 3    Roll No. ..............................

(ii) Questions : 5    Sub. Code : | 0 | 4 | 0 | 2 |

Exam. Code : | 0 | 0 | 0 | 5 |

B.A./B.Sc. (General) 5th Sem.

(2123)

PUNJABI (Compulsory)

Paper : For B.A. & Shastri 5th Semester Only

Time Allowed : Three Hours]    [Maximum Marks : 45

1. (ੳ) ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(i) ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥
ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ॥

ਜਾਂ

(ii) ਜੇ ਦਾਜ ਵਿਹੂਣੀ ਜਾਵੇਂਗੀ, ਤਾਂ ਕਿਸੇ ਭਲੀ ਨਾ ਭਾਵੇਂਗੀ।
ਓਥੇ ਸ਼ਹੁ ਨੂੰ ਕਿਵੇਂ ਰੀਝਾਵੇਂਗੀ, ਕੁਝ ਲੈ ਫ਼ੱਕਰਾਂ ਦੀ ਮੱਤ ਕੁੜੇ।
ਕੱਤ ਕੁੜੇ ਨਾ ਵੱਤ ਕੁੜੇ। 5

(ਅ) ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ **ਇੱਕ** ਦਾ ਸਾਰ ਤੇ ਕੇਂਦਰੀ ਭਾਵ ਲਿਖੋ :

(i) ਤਪਿ ਤਪਿ ਲੁਹਿ ਲੁਹਿ

(ii) ਹੀਰ ਤੇ ਜੋਗੀ ਦੇ ਰੂਪ 'ਚ ਰਾਂਝੇ ਦਾ ਸੰਵਾਦ। 5+5=10

2. ਹੇਠ ਲਿਖੇ ਅੱਠ ਪ੍ਰਸ਼ਨਾਂ ਵਿੱਚੋਂ ਕਿਸੇ **ਪੰਜ** ਦੇ ਉੱਤਰ ਦਿਓ :

(i) 'ਐਸੀ ਲਾਲ ਤੁਝ ਬਿਨੁ' ਸ਼ਬਦ ਦਾ ਵਿਸ਼ਾ ਕੀ ਹੈ ?

(ii) 'ਖੁਰਾਸਾਨ ਖਸਮਾਨਾ ਕੀਆ' ਕਵਿਤਾ ਵਿੱਚ ਮੁਗਲ ਸ਼ਬਦ ਕਿਹੜੇ ਬਾਦਸ਼ਾਹ ਵਲ ਸੰਕੇਤ ਕਰਦਾ ਹੈ ?

(iii) 'ਬਿਸਰਿ ਗਈ ਸਭ ਤਾਤਿ ਪਰਾਈ' ਸ਼ਬਦ ਵਿੱਚ ਗੁਰੂ ਜੀ ਨੇ ਕੀ ਕਿਹਾ ਹੈ ?

(iv) 'ਜੋ ਨਰੁ ਦੁਖ ਮੈਂ' ਸ਼ਬਦ ਵਿੱਚ ਗੁਰੂ ਜੀ ਮਨੁੱਖ ਨੂੰ ਕਿਨ੍ਹਾ ਗੱਲਾਂ ਤੋਂ ਨਿਰਲੇਪ ਰਹਿਣ ਲਈ ਕਹਿੰਦੇ ਹਨ ?

(v) ਵਾਰਿਸ ਸ਼ਾਹ ਦੀ ਕਿਹੜੀ ਰਚਨਾ ਪੰਜਾਬੀ ਵਿੱਚ ਸਭ ਤੋਂ ਵੱਧ ਪ੍ਰਸਿੱਧ ਹੋਈ ?

(vi) 'ਬਹੁੜੀ ਵੇ ਤਬੀਬਾ' ਕਾਫ਼ੀ ਦਾ ਲੇਖਕ ਕੌਣ ਹੈ ?

(vii) 'ਇੱਛਰਾਂ ਤੇ ਸਲਵਾਨ ਦੀ ਵਾਰਤਾਲਾਪ' ਕਵਿਤਾ ਦਾ ਕੇਂਦਰੀ ਭਾਵ ਲਿਖੋ।

(viii) 'ਮੱਧਕਾਲੀ ਪੰਜਾਬੀ ਕਾਵਿ-ਸੁਰਾਂ' ਕਾਵਿ-ਸੰਗ੍ਰਹਿ ਵਿੱਚ ਕਿਹੜੇ-ਕਿਹੜੇ ਕਿੱਸਾਕਾਰਾਂ ਦੀ ਰਚਨਾ ਸ਼ਾਮਿਲ ਹੈ ? 5×1=5

3. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਉਪਰ ਪੈਰ੍ਹਾ ਰਚਨਾ ਕਰੋ :

(i) ਨਾਨਕ ਦੁਖੀਆ ਸਭ ਸੰਸਾਰ

(ii) ਬੇਰੁਜ਼ਗਾਰੀ

(iii) ਨਸ਼ੇ ਤੇ ਨੌਜਵਾਨ

(iv) ਸੋਸ਼ਲ ਮੀਡੀਆ। 8

4. ਗੁਰਮੁਖੀ ਕਿਵੇਂ ਚੰਗੀ ਤੇ ਆਦਰਸ਼ ਲਿਪੀ ਹੈ ? ਖੋਲ੍ਹ ਕੇ ਬਿਆਨ ਕਰੋ।

**ਜਾਂ**

ਗੁਰਮੁਖੀ ਨਾਲ ਪੰਜਾਬੀ ਦਾ ਕੀ ਰਿਸ਼ਤਾ ਹੈ ? ਸੰਖੇਪ ਰੂਪ ਵਿੱਚ ਚਰਚਾ ਕਰੋ। 7

5. (ੳ) ਕਿਰਿਆ-ਵਾਕੰਸ਼ ਕੀ ਹੁੰਦਾ ਹੈ ? ਇਸ ਦੀ ਪਰਿਭਾਸ਼ਾ ਲਿਖੋ ਤੇ ਇਸਦੀਆਂ ਕਿਸਮਾਂ ਦੱਸੋ।

**ਜਾਂ**

ਵਾਕੰਸ਼ ਕੀ ਹੁੰਦਾ ਹੈ ? ਇਹ ਕਿੰਨੇ ਪ੍ਰਕਾਰ ਦਾ ਹੁੰਦਾ ਹੈ ? 6

(ਅ) (1) ਉਹੋ ਕੁੜੀ ਤੇ ਮੁੰਡਾ ਹੱਸ ਰਹੇ ਹੈ।

(ਵਾਕ ਨੂੰ ਸ਼ੁੱਧ ਕਰਕੇ ਲਿਖੋ)

(2) ਜਦੋਂ ਮੇਰੇ ਭਰਾ ਨੂੰ ਭਰਾ ਨਹੀਂ ਸਮਝਦੇ।

(ਨਾਂਵ-ਵਾਕੰਸ਼ ਚੁਣੋ)

(3) ਜੇਕਰ ਉਹ ਪੜ੍ਹਿਆ ਹੁੰਦਾ, ਤਾਂ ਅਖ਼ਬਾਰ ਪੜ੍ਹ ਸਕਦਾ ਸੀ।

(ਮੁੱਖ ਕਿਰਿਆ ਸ਼ਬਦਾਂ ਨੂੰ ਅਲੱਗ ਕਰਕੇ ਲਿਖੋ)

(4) ਚਾਰ ਉਸਦੀਆਂ ਧੀਆਂ ਸਨ ਅਤੇ ਦੋ ਛੋਟੇ ਪੁੱਤਰ ਸਨ।

(ਯੋਜਕ ਪਛਾਣੋ)

4